# ਪੂਰਬ ਕਰਮ ਅੰਕੁਰ ਜਬ ਪ੍ਰਗਟੇ

## ਗਉੜੀ ਮਹਲਾ ੫ ।।

## ਪ੍ਰਭ ਮਿਲਬੇ ਕਉ ਪ੍ਰੀਤਿ ਮਨਿ ਲਾਗੀ।।

## ਪਾਇ ਲਗਉ ਮੋਹਿ ਕਰਉ ਬੇਨਤੀ ਕੋਊ ਸੰਤੁ ਮਿਲੈ ਬਡਭਾਗੀ।।੧।।ਰਹਾਉ।।

ਪੰਜਵੇਂ ਪਾਤਸ਼ਾਹ ਨੇ ਇਹ ਸ਼ਬਦ ਗਉੜੀ ਰਾਗ ਵਿਚ ਉਚਾਰਣ ਕੀਤਾ ਹੈ, ਜੋ ਪੰਨਾ ੨੦੪ ਤੇ ਅੰਕਤ ਹੈ।

-- ਸਤਿਗੁਰੂ ਜੀ ਫ਼ੁਰਮਾਣ ਕਰਦੇ ਹਨ ਕਿ ਮੈਨੂੰ ਪ੍ਰਭੂ ਨਾਲ ਅਜਿਹੀ ਪ੍ਰੀਤ ਲਗ ਗਈ ਹੈ ਕਿ ਮੈਂ ਉਸ ਨੂੰ ਮਿਲਣ ਲਈ ਤੀਬਰ ਇਛਾ ਪੈਦਾ ਹੋ ਗਈ ਹੈ।

-- ਹੁਣ ਇਸ ਕੰਮ ਨੂੰ ਪੂਰਾ ਕਰਨ ਲਈ ਜੇ ਮੈਨੂੰ ਕੋਈ ਸੰਤ ਮਿਲ ਪਏ ਤਾਂ ਮੈਂ ਉਸਦੇ ਚਰਣਾਂ ਨਾਲ ਲਗ ਜਾਵਾਂ ਅਤੇ ਬੇਨਤੀ ਕਰਾਂ ਕਿ ਉਹ ਮੈਨੂੰ ਪ੍ਰਭੂ ਨਾਲ ਮਿਲਾ ਦਏ।੧।ਰਹਾਉ।

ਅਜਿਹੀ ਹੀ ਅਰਦਾਸ, ਸ੍ਰੀ ਗੁਰੂ ਰਾਮਦਾਸ ਸਾਹਿਬ ਨੇ ਵੀ, ੯੫ ਪੰਨਾ ਤੇ, ਕੀਤੀ ਹੈ ਕਿ ਮੈਨੂੰ ਹਰੀ ਦਾ ਜਨ, ਸੰਤ ਮਿਲ ਪਏ, ਕਿਉਂਕਿ ਮੈਨੂੰ ਹਰੀ ਪ੍ਰਭੂ ਦੇ ਦਰਸ਼ਨ ਦੀ ਭੁਖ ਲਗ ਗਈ ਹੈ ਤੇ ਉਹ ਹੀ ਮੈਨੂੰ ਪ੍ਰਭੂ ਨਾਲ ਮਿਲਾ ਸਕਦੇ ਹਨ - 'ਹਰਿ ਜਨ ਸੰਤ ਮਿਲਹੁ ਮੇਰੇ ਭਾਈ।। ਮੇਰਾ ਹਰਿ ਪ੍ਰਭੁ ਦਸਹੁ ਮੈ ਭੁਖ ਲਗਾਈ।।'

ਇਸੇ ਪੰਨੇ ਤੇ ਪਾਤਸ਼ਾਹ ਫ਼ੁਰਮਾਣ ਕਰਦੇ ਹਨ ਕਿ ਅਜਿਹੇ ਸੰਤ ਮਿਲ ਪੈਣ ਅਤੇ ਮੈਂ ਉਨ੍ਹਾਂ ਦੇ ਗਲ ਮਿਲਾਂ, ਮੈਂ ਉਨ੍ਹਾਂ ਨੂੰ ਆਪਣਾ ਮਨ ਸੌਂਪ ਦਿਆਂ ਜੋ ਮੈਨੂੰ ਮੇਰੇ ਪ੍ਰੀਤਮ ਦੀਆਂ ਬਾਤਾਂ ਸੁਣਾਏ, ਜਿਸਦੇ ਮੁਖ ਵਿਚੋਂ ਮੈਨੂੰ, ਗੁਰੂ ਦੇ ਬਚਨ ਸੁਣਨ ਨੂੰ ਮਿਲਣ - 'ਆਵਹੁ ਸੰਤ ਮੈ ਗਲਿ ਮੇਲਾਈਐ।। ਮੇਰੇ ਪ੍ਰੀਤਮ ਕੀ ਮੈ ਕਥਾ ਸਣਾਈਐ।। ਹਰਿ ਕੇ ਸੰਤ ਮਿਲ ਮਿਲਹੁ ਮਨੁ ਦੇਵਾ ਜੋ ਗੁਰ ਬਾਣੀ ਮੁਖਿ ਚਉਦਾ ਜੀਉ।।'

ਭਾਵ, ਪ੍ਰਭੂ ਨੂੰ ਮਿਲਾਉਣ ਦਾ ਕੰਮ ਕਿਸੇ ਸੰਤ ਸਾਧੂ ਰਾਹੀਂ ਹੀ ਪੂਰਾ ਹੋ ਸਕਦਾ ਹੈ। ਸਾਧੂ ਦੀ ਸੰਗਤਿ ਅਤੇ ਕਿਰਪਾ ਬਿਨਾਂ ਮਨੁਖ ਦੇ ਪਰਮ ਲਖ਼ਸ਼, ਪ੍ਰਭੂ ਦੀ ਪ੍ਰਾਪਤੀ ਨਹੀਂ ਹੋ ਸਕਦੀ।

**ਮਨੁ ਅਰਪਉ ਧਨੁ ਰਾਖਉ ਆਗੈ ਮਨ ਕੀ ਮਤਿ ਮੋਹਿ ਸਗਲ ਤਿਆਗੀ।।**

**ਜੋ ਪ੍ਰਭ ਕੀ ਹਰਿ ਕਥਾ ਸੁਨਾਵੈ ਅਨਦਿਨੁ ਫਿਰਉ ਤਿਸੁ ਪਿਛੈ ਵਿਰਾਗੀ।।੧।।**

-- ਮਨ ਦੀ ਸਾਰੀ ਮੱਤ ਤਿਆਗ ਕੇ, ਭਾਵ ਸਾਰੀ ਸਿਆਣਪ ਨੂੰ ਪਾਸੇ ਰਖ ਕੇ ਮੈਂ ਆਪਣਾ ਮਨ ਅਤੇ ਧਨ, ਸਭ ਕੁਝ ਅਜਿਹੇ ਮਨੁਖ, ਭਾਵ, ਸੰਤ ਨੂੰ ਸੌਂਪ ਦਿਆਂ

ਪਾਤਸ਼ਾਹ, ੨੫੬ ਪੰਨੇ ਤੇ, ਵੀ ਫੁਰਮਾਣ ਕਰਦੇ ਹਨ ਕਿ ਜੋ ਪ੍ਰਭੂ ਨੂੰ ਮਿਲਾਵੇ, ਉਸ ਨੂੰ ਆਪਣਾ ਤਨ, ਮਨ, ਧਨ ਅਰਪਣ ਕਰ ਦੇਣਾ ਬਣਦਾ ਹੈ - 'ਤਨੁ ਮਨੁ ਧਨੁ ਅਰਪਉ ਤਿਸੈ ਪ੍ਰਭੂ ਮਿਲਾਵੈ ਮੋਹਿ।।' ਪਾਤਸ਼ਾਹ, ਪੰਨਾ ੩੯੧ ਤੇ, ਫੁਰਮਾਣ ਕਰਦੇ ਹਨ ਕਿ ਵਾਹਿਗੁਰੂ ਦੇ ਐਸੇ ਦਾਸ ਅਗੇ ਤਾਂ ਮੈਂ ਆਪਣੇ ਸਾਰੇ ਜਪ, ਤਪ, ਨੇਮ, ਧਰਮ ਕਰਮ ਅੱਗ ਦੇ ਅਰਪਣ ਕਰ ਦਿਆਂ, ਭਾਵ ਉਸ ਜਨ ਦੀ ਸੰਗਤ ਤੇ ਸੇਵਾ ਇਨ੍ਹਾਂ ਸਭ ਤੋਂ ਉਤਮ ਹੈ। ਮੈਂ ਆਪਣੇ ਹੋਣ ਤਕ ਦਾ ਮਾਣ ਤਿਆਗ ਕੇ ਉਨ੍ਹਾਂ ਦੀ ਖ਼ਾਕ ਬਣ ਜਾਵਾਂ ਤਾਂ ਕਿ ਉਨ੍ਹਾਂ ਦੀ ਸੰਗਤਿ ਕਰਦੇ ਹੋਇ ਪ੍ਰਭੂ ਨੂੰ ਇਨ੍ਹਾਂ ਨੈਣਾਂ ਨਾਲ ਵੇਖ ਸਕਾਂ - 'ਜਾਪ ਤਾਪ ਦੇਵਉ ਸਭ ਨੇਮਾ।। ਕਰਮ ਧਰਮ ਅਰਪਉ ਸਭ ਹੋਮਾ।। ਗਰਬੁ ਮੋਹੁ ਤਜਿ ਹੋਵਉ ਰੇਨ।। ਉਨ੍ ਕੈ ਸੰਗਿ ਦੇਖਉ ਪ੍ਰਭੁ ਨੈਨ।।'

-- ਇਤਨਾ ਹੀ ਨਹੀਂ, ਪ੍ਰਭੂ ਨੂੰ ਮਿਲਾਉਣ ਦੇ ਰਸਤੇ ਤੇ ਤੁਰਦਿਆਂ ਜੇ ਕੋਈ ਮੈਨੂੰ ਮੇਰੇ ਪ੍ਰੀਤਮ ਦੀਆਂ ਬਾਤਾਂ ਵੀ ਸੁਣਾਏ ਤਾਂ ਮੈਂ ਦੀਵਾਨਿਆਂ ਵਾਂਙ ਉਸਦੇ ਪਿਛੇ ਪਿਛੇ ਲਗੀ ਫ਼ਿਰਾਂ।੧।

**ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ।।**

**ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ।।੨।।੨।।੧੧੯।।**

-- ਪਰ ਅਜਿਹਾ ਜਨ, ਪੁਰਖ, ਜੋ ਨਾਮ ਰਸ ਨਾਲ ਲਬਾ-ਲਬ ਹੋਵੇ ਅਤੇ ਜਿਸਨੂੰ ਮੋਹ-ਮਾਇਆ ਦੀ ਖਿਚ ਨਾ ਪਹੁੰਦੀ ਹੋਵੇ, ਤਦ ਹੀ ਮਿਲਦਾ ਹੈ, ਉਸ ਨਾਲ ਮਿਲਾਪ ਤਦ ਹੀ ਹੁੰਦਾ ਹੈ, ਜਦੋਂ ਸਾਡੇ ਪੂਰਬਲੇ ਜਨਮਾਂ ਵਿਚ ਕੀਤੀ ਹੋਈ ਭਗਤੀ ਕਮਾਈ ਰੂਪ, ਅਜਿਹੇ ਬੀਜੇ ਹੋਏ ਅੰਕੁਰ ਫੁਟ ਪੈਣ।

ਪਾਤਸ਼ਾਹ, ਪੰਨਾ ੭੧੭ ਤੇ, ਫੁਰਮਾਣ ਕਰਦੇ ਹਨ ਕਿ, ਕਿਉਂਕਿ ਮੇਰੇ ਪੂਰਬਲੇ

ਜਨਮਾਂ ਦੇ ਅਜਿਹੇ ਬੀਜੇ ਹੋਏ ਅੰਕੁਰ ਫੁਟ ਪਏ ਹਨ ਜਿਨ੍ਹਾਂ ਸਦਕਾ ਮੈਨੂੰ ਸਾਧੂ ਦੀ ਸੰਗਤ ਪ੍ਰਾਪਤ ਹੋਈ ਹੈ, ਜਿਸ ਸਦਕਾ ਮੈਂ ਹਰੀ ਪ੍ਰਭੂ ਦਾ ਨਾਮ ਜਪਿਆ ਹੈ ਅਤੇ ਅਨੰਦ ਦੀ ਪ੍ਰਾਪਤੀ ਹੋ ਗਈ ਹੈ - 'ਸਾਧ ਸੰਗਿ ਹਰਿ ਹਰਿ ਨਾਮੁ ਚਿਤਾਰਾ।। ਸਹਜਿ ਅਨੰਦੁ ਹੋਵੈ ਦਿਨੁ ਰਾਤੀ ਅੰਕੁਰੁ ਭਲੋ ਹਮਾਰਾ।।' ਅਜਿਹਾ ਹੀ ਫ਼ੁਰਮਾਣ, ਮਹਾਰਾਜ ਨੇ, ਪੰਨਾ ੫੪੭ ਤੇ ਵੀ ਕੀਤਾ ਹੈ - 'ਭਜੁ ਸਾਧ ਸੰਗੇ ਮਿਲੇ ਰੰਗੇ ਬਹੁੜਿ ਜੋਨਿ ਨ ਧਾਈਐ।। ਗਹਿ ਕੰਠਿ ਲਾਏ ਸਹਜਿ ਸੁਭਾਏ ਆਦਿ ਅੰਕੁਰੁ ਆਇਆ।।'

-- ਪੰਜਵੇਂ ਨਾਨਕ ਦਾ ਫ਼ੁਰਮਾਣ ਹੈ ਕਿ ਅਜਿਹੇ ਜਨ ਦੇ ਨਾਲ ਮਿਲਾਪ ਹੋਣ ਨਾਲ ਹਰ ਤਰ੍ਹਾਂ ਦਾ ਅਗਿਆਨ ਦਾ ਹਨੇਰਾ ਮਿਟ ਜਾਂਦਾ ਹੈ ਅਤੇ ਕਈ ਜਨਮਾਂ ਤੋਂ ਸੁਤੇ ਲੇਖ ਜਾਗ ਪੈਂਦੇ ਹਨ।੨।੨।੧੧੯।

ਇਥੋਂ ਇਹ ਸਪੱਸ਼ਟ ਹੋ ਰਿਹਾ ਹੈ ਕਿ ਬੇਸ਼ੱਕ ਪੂਰਬਲੀ ਕਮਾਈ ਵੀ ਪਈ ਹੋਵੇ, ਲੇਖ, ਸੰਜੋਗ ਵੀ ਪਏ ਹੋਣ, ਤਾਂ ਵੀ ਜਦੋਂ ਤਕ ਅਜਿਹੇ ਪੁਰਖ ਰਸਿਕ ਬੈਰਾਗੀ ਜਨ ਨਾਲ ਮਿਲਾਪ ਨਹੀਂ ਹੁੰਦਾ, ਸਾਰੀਆਂ ਕਲਾਂ, ਸੁਤੀਆਂ ਹੀ ਰਹਿੰਦੀਆਂ ਹਨ। ਪ੍ਰਭੂ ਪ੍ਰਾਪਤੀ ਸੰਭਵ ਨਹੀਂ ਹੁੰਦੀ।

ਪੰਜਵੇਂ ਪਾਤਸ਼ਾਹ ਦਾ ਫ਼ੁਰਮਾਣ ਹੈ ਕਿ ਹੇ ਮਾਤਾ ! ਮੈਂ ਸੰਤ ਦੀ ਸੰਗਤਿ ਦੀ ਕਿਰਪਾ ਸਦਕਾ ਜਨਮਾਂ ਜਨਮਾਂ ਦੀ ਸੁੱਤੀ ਜਾਗ ਪਈ ਹਾਂ ਤਾਂ ਮੈਂ ਪ੍ਰਭੂ ਪਿਆਰੇ ਦੇ ਰੰਗ ਵੇਖ ਕੇ, ਨਾਮ ਦੇ ਖ਼ਜ਼ਾਨੇ ਵਾਲੀ ਬਣ ਗਈ ਹਾਂ - 'ਮਾਈ ਸੰਤ ਸੰਗਿ ਜਾਗੀ।। ਪ੍ਰਿਅ ਰੰਗ ਦੇਖੈ ਜਪਤੀ ਨਾਮੁ ਨਿਧਾਨੀ।।' ਪੰਨਾ ੧੧੧੯. ਪਾਤਸ਼ਾਹ, ੧੨੬੭ ਪੰਨੇ ਤੇ, ਵੀ ਬਚਨ ਕਰਦੇ ਹਨ ਕਿ ਕਿ ਸੰਤ ਦੀ ਸੰਗਤ ਨਾਲ ਮੈਨੂੰ ਪ੍ਰਭੂ ਦਾ ਨਾਮ ਚਿੱਤ ਆ ਗਿਆ, ਇੰਞ, ਸੰਤ ਦੀ ਕਿਰਪਾ ਸਦਕਾ ਮੈਂ ਜਨਮਾਂ ਦੀ ਮਾਇਆ ਦੀ ਨੀਂਦਰ ਤੋਂ ਸੁਤੀ ਜਾਗ ਪਈ - 'ਉਨ ਕੈ ਸੰਗਿ ਮੋਹਿ ਪ੍ਰਭੁ ਚਿਤਿ ਆਵੈ ਸੰਤ ਪ੍ਰਸਾਦਿ ਮੋਹਿ ਜਾਗੀ।।'



24.10.2020